## 7th Manual: Arrangement for consultation with or representation by the members of the public in relation to the formulation of policy or implementation thereof

### 7.1 Relevant rule, circular etc:

ਪੁੱਡਾ ਇਕ ਪਬਲਿਕ ਅਦਾਰਾ ਹੋਣ ਕਰਕੇ ਇਸ ਦਾ ਮੁੱਖ ਕੰਮ ਮਕਾਨਾਂ ਅਤੇ ਪਲਾਟਾਂ ਆਦਿ ਦਾ ਯੋਜਨਾਬੱਧ ਢੰਗ ਨਾਲ ਵਿਕਾਸ ਕਰਨਾ ਹੈ।ਸਹਿਰੀ ਮਿਲਖਾਂ ਬਣਾਉਣ ਲਈ ਪਹਿਲਾਂ ਭੌਂ ਪ੍ਰਾਪਤੀ ਦੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਉਸ ਉਪਰੰਤ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਉਪਰੰਤ ਲੋਕਾਂ ਨੂੰ ਸਸਤੇ ਰੇਟਾਂ ਤੇ ਅਲਾਟ ਕਰ ਦਿੱਤਾ ਜਾਂਦਾ ਹੈ।

ਪਾਲਸੀ ਬਣਾਉਣ ਵਿੱਚ ਸੁਰੂ ਤੋਂ ਲੈ ਕੇ ਅਖੀਰ ਤੱਕ ਪਬਲਿਕ ਦੇ ਸੁਝਾਉ ਲਏ ਜਾਂਦੇ ਹਨ। ਇਸ ਉਪਰੰਤ ਪਾਲਸੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਕਿ ਲੋਕਾਂ ਨੂੰ ਔਕੜਾਂ ਦਾ ਸਾਹਮਣਾ ਨਾ ਕਰਨਾ ਪਵੇ ਜਿਥੋਂ ਤੱਕ ਇਹਨਾਂ ਪਾਲਸੀਆਂ ਨੂੰ ਜਾਰੀ ਕਰਨ ਦੇ ਦਫਤਰੀ ਹੁਕਮਾਂ ਦਾ ਸਬੰਧ ਹੈ, ਉਹ ਭਾਵੇਂ ਘੱਟ ਹੀ ਹਨ, ਫਿਰ ਵੀ ਵੱਖ ਵੱਖ ਕਮੇਟੀਆਂ ਕੰਮ ਕਰਦੀਆਂ ਹਨ।

1 ਅਥਾਰਟੀ ਦੀ ਸਥਾਪਨਾ ਸਬੰਧੀ।

ਪੰਜਾਬ ਸਹਰੀ ਯੋਜਨਾਬੰਦੀ ਨਾਲ ਸਬੰਧਤ ਮਸਲੇ ਅਥਾਰਟੀ ਦੀ ਮੀਟਿੰਗ ਵਿੱਚ ਵਿਚਾਰੇ ਜਾਂਦੇ ਹਨ ਅਤੇ ਕਮੇਟੀ ਵਲੋਂ ਇਹਨਾਂ ਦਾ ਫੈ ਕੀਤਾ ਜਾਂਦਾ ਹੈ। ਅਥਾਰਟੀ ਵਿੱਚ ਆਫਿਸੀਅਲ ਮੈਂਬਰਾਂ ਤੋਂ ਇਲਾਵਾ ਇਸ ਸਮੇਂ 3 ਨਾਨ ਆਫਿਸੀਅਲ ਮੈਂਬਰ ਵੀ ਸਾਮਿਲ ਕੀਤੇ ਹੋਏ ਹਨ। ਜਿਨ੍ਹਾਂ ਵਿੱਚ 2 ਪਬਲਿਕ ਦੇ ਨੁਮਾਇੰਦੇ ਅਤੇ ਇਕ ਪੰਜਾਬ ਸਰਕਾਰ ਦਾ ਰਿਟਾਇਰਡ ਅਧਿਕਾਰੀ ਹੈ। ਇਹ ਮੈਂਬਰ ਪਬਲਿਕ ਦੀ ਨੁਮਾਇੰਦਗੀ ਕਰਦੇ ਹਨ।

2 ਸੁਝਾਓ ਬਕਸੇ

ਪੁੱਡਾ ਭਵਨ ਵਿੱਖੇ ਸਵਾਗਤ ਕਰਤਾ ਕਾਉਂਟਰਾਂ ਦੇ ਨਾਲ ਸੁਝਾਓ ਬਕਸੇ ਰੱਖੇ ਗਏ ਹਨ ਜਿਨ੍ਹਾਂ ਵਿੱਚ ਪਬਲਿਕ ਅਪਣੇ ਸੁਝਾਓ ਲਿਖ ਕੇ ਪਾ ਸਕਦੀ ਹੈ। ਇਹਨਾਂ ਪ੍ਰਾਪਤ ਸੁਝਾਵਾਂ ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਢੁਕਵੀਂ ਕਾਰਵਾਈ ਕੀਤੀ ਜਾਂਦੀ ਹੈ।

3 ਵੈਲਫੇਅਰ ਐਸੋਸੀਏਸਨਾਂ ਦੀ ਨੁਮਾਇੰਦਗੀ ਬਾਰੇ

ਭਾਵੇਂ ਕਿ ਪੁੱਡਾ ਵਲੋਂ ਐਡਵਾਈਜਰੀ ਕਮੇਟੀਆਂ ਗਠਿਤ ਨਹੀਂ ਕੀਤੀਆਂ ਗਈਆਂ ਫਿਰ ਵੀ ਪੁੱਡਾ ਵਲੋਂ ਵਿਕਸਤ ਸਾਰੀਆਂ ਸਹਿਰੀ ਮਿਲਖਾਂ ਦੀਆਂ ਵੈਲਫੇਅਰ ਐਸੋਸੀਏਸਨਾਂ ਦੇ ਨੁਮਾਇੰਦਿਆਂ ਨੂੰ ਪੁੱਡਾ ਦੀਆਂ ਹਰ ਤਰ੍ਹਾਂ ਦੀਆਂ ਉਦਘਾਟਨੀ ਗਤੀਵਿਧੀਆਂ ਵਿੱਚ ਸਾਮਿਲ ਕੀਤਾ ਜਾਂਦਾ ਹੈ ਅਤੇ ਮੰਗ ਅਨੁਸਾਰ ਪੁੱਡਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਉਹਨਾਂ ਵਲੋਂ ਸਮੇਂ ਤੇ ਦਿੱਤੇ ਸੁਝਾਵਾਂ ਤੇ ਵੀ ਕਾਰਵਾਈ ਕੀਤੀ ਜਾਂਦੀ ਹੈ।

4 ਭੌਂ ਪ੍ਰਾਪਤੀ ਸਬੰਧੀ

ਸਹਿਰੀ ਮਿਲਖਾਂ ਦੇ ਵਿਸਥਾਰ ਜਾਂ ਇਸ ਨਾਲ ਸਬੰਧਤ ਕਿਸੇ ਮੰਤਵ ਲਈ ਭੌਂ ਦੀ ਲੋੜ ਹੁੰਦੀ ਹੈ ਤਾਂ ਉਸ ਦੀ ਪ੍ਰਾਪਤੀ ਲਈ ਨੋਟੀਫਿਕੇਸਨ ਪ੍ਰਕਾਸਿਤ ਕਰਵਾਉਣ ਉਪਰੰਤ THE RIGHT TO FAIR COMPENSATION AND TRANSPARENCY IN LAND ACQUISITION, REHABILITATION AND RESETTLEMENT ACT 2013 ਮੁਤਾਬਿਕ ਭੌਂ ਮਾਲਕਾਂ ਤੋਂ ਇਸ ਦੀ ਪ੍ਰਾਪਤੀ ਸਬੰਧੀ ਲਿਖਤੀ ਇਤਰਾਜ ਲਏ ਜਾਂਦੇ ਹਨ ਜਿਹੜੇ ਕਿ ਸਿਫਾਰô ਸਹਿਤ ਸਰਕਾਰ ਨੂੰ ਫੈਸਲਾ ਕਰਨ ਲਈ ਭੇਜ ਦਿੱਤੇ ਜਾਂਦੇ ਹਨ। ਇਸ ਭੌਂ ਦੇ ਰੇਟ ਜਿਲ੍ਹਾ ਭੌਂ ਰੇਟ ਫਿਕਸੇਸਨ ਕਮੇਟੀ ਵਲੋਂ ਫਿਕਸ ਕੀਤੇ ਜਾਂਦੇ ਹਨ। ਰੇਟ ਫਿਕਸੇਸਨ ਕਮੇਟੀ ਦੇ ਮੈਂਬਰ ਹੇਠ ਅਨੁਸਾਰ ਹਨ:-

| | | |
|---|---|---|
| 1 | ਡਿਪਟੀ ਕਮਿਸਨਰ | ਚੇਅਰਮੈਨ |
| 2 | ਮੈਂਬਰ ਪਾਰਲੀਮੈਂਟ ਹਲਕਾ | |
| 3 | ਐਮ.ਐਲ.ਏ ਹਲਕਾ | |

ਐਮ ਐਲ ਏ ਅਤੇ ਐਮ ਪੀ ਪਬਲਿਕ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ ਜਿਹੜੇ ਕਿ ਪਬਲਿਕ ਦੇ ਹੱਕਾਂ ਲਈ ਪ੍ਰਤੀਨਿੱਧਤਾ ਕਰਦੇ ਹਨ।